# ਬੱਚਿਆਂ ਲਈ ਬਾਈਬਲ

ਉਪੱਸਥਿਤ

# ਉਜਾੜੂ ਪੁੱਤਰ




ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : Lazarus

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਦਲਿਆ ਗਿਆ : Ruth Klassen; Sarah S.


ਕਹਾਣੀ 45 ਤ਼ 60


**www.M1914.org**

***Bible for Children,*** *PO Box 3, Winnipeg, MB R3C 2G1 Canada*



ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।


ਪੰਜ਼ਾਬੀ

Punjabi



ਯਿਸੂ ਲੋਕਾਂ ਨੂੰ ਮਾਫ਼ੀ ਦੇ ਬਾਰੇ ਦੱਸਣਾ ਪਸੰਦ ਕਰਦੇ ਸਨ। ਪਰ ਯਹੂਦੀ ਆਗੂਆਂ ਨੇ ਉਸਦੀ ਪਾਪੀਆਂ ਨਾਲ ਦੋਸਤੀ ਦੇ ਬਾਰੇ ਸ਼ਿਕਾਇਤ ਕੀਤੀ।

1



ਤਾਂ ਯਿਸੂ ਨੇ ਇਹ ਵਖਾਉਣ ਲਈ ਤਿੰਨ ਕਹਾਣੀਆਂ ਸੁਣਾਈਆਂ ਕੀ ਪਰਮੇਸ਼ਵਰ ਖੁਸ਼ ਹੁੰਦਾ ਹੈ ਜਦ ਪਾਪੀ ਆਪਣੇ ਪਾਪਾਂ ਲਈ ਮਾਫੀ ਮੰਗਦੇ ਹਨ।

2


ਪਹਿਲੀ ਕਹਾਣੀ ਇੱਕ ਮਨੁੱਖ ਦੇ ਬਾਰੇ ਸੀ ਜਿਸ ਦੀਆਂ ਸੌ ਭੇਡਾ ਸਨ।
ਇੱਕ ਗਵਾਚ ਗਈ।
3
ਉਸੇ ਵੇਲੇ ਅਯਾਲੀ ਬਾਕੀ ਨੜਿਨਵਿਆਂ ਨੂੰ ਛੱਡ ਕੇ ਅਤੇ ਉਸ ਗਵਾਚੀ
ਨੂੰ ਲੱਭਣ ਚਲਾ ਗਿਆ।
4
ਅਯਾਲੀ ਉਸ ਨੂੰ ਉਦੋਂ ਤੱਕ ਲੱਭਦਾ ਰਿਹਾ ਜਦ ਤੱਕ ਉਹ ਭੇਡ ਉਸ ਨੂੰ ਮਿਲ ਨਹੀ ਗਈ। ਤਦ ਉਸ ਨੇਉਸ ਨੂੰ ਮੋਢਿਆਂ ਉੱਤੇ ਰੱਖਿਆ ਅਤੇ ਖੁਸ਼ੀ ਦੇ ਨਾਲ ਘਰ ਵਾਪਸ ਲੈ ਆਇਆ।
5
ਉਸ ਨੇ ਆਪਣੇ ਮਿੱਤਰਾਂ ਨੂੰ ਕਿਹਾ, “ਮੇਰੇ ਨਾਲ ਖੁਸ਼ੀ ਮਨਾਉ, ਕਿਉਂਕਿ ਮੈ ਆਪਣੀ ਭੇਡ ਲੱਭ ਲਈ ਹੈ ਜਿਹੜੀ ਗਵਾਚ ਗਈ ਸੀ!”
6
ਯਿਸੂ ਨੇ ਸਮਝਾਇਆ ਕੀ ਇੱਕ ਪਾਪੀ ਦੇ ਪਸ਼ਚਾਤਾਪ ਕਰਨ ਤੇ ਸਵਰਗ ਵਿੱਚ ਮਹਾਨ ਖੁਸ਼ੀ ਹੁੰਦੀ ਹੈ। ਪਸ਼ਚਾਤਾਪ ਦਾ ਮਤਲਬ ਕੀ ਆਪਣੇ ਪਾਪਾਂ ਤੋਂ ਮਾਫੀ – ਛੱਡਣ ਲਈ ਬਸ ਮਾਫੀ!
7
ਯਿਸੂ ਨੇ ਅਗਲੀ ਕਹਾਣੀ ਉਸ ਔਰਤ ਦੇ ਬਾਰੇ ਦੱਸੀ ਜਿਸਦੇ ਕੋਲ ਚਾਂਦੀ ਦੇ ਦਸ ਸਿੱਕੇ ਸਨ, ਸ਼ਾਇਦ ਉਸਦੀ ਸਾਰੀ ਜਿੰਦਗੀ ਦੀ ਬਚਤ। ਇੱਕ ਡਰਾਉਣੀ ਗੱਲ ਹੋਈ। ਉਸਨੇ ਆਪਣਾ ਇੱਕ ਸਿੱਕਾ ਗਵਾ ਲਿਆ।
8


ਹੂੰਝ! ਹੂੰਝ! ਹੂੰਝ ਕੇ! ਔਰਤ ਨੇ ਹਰ ਜੁਗਾ ਵੇਖਿਆ। ਆਖਰਕਾਰ ਉਸਨੂੰ ਗਵਾਚਿਆ ਹੋਇਆ ਸਿੱਕਾ ਮਿਲ ਗਿਆ।
9


ਉਹ ਬਹੁਤ ਖੁਸ਼ ਸੀ। ਤੁਸੀ ਅੰਦਾਜਾ ਲਗਾ ਸਕਦੇ ਹੋ ਕੇ ਉਸ ਨੇ ਕੀ ਕੀਤਾ? ਜੀਹਾਂ, ਉਸ ਨੇ ਆਪਣੇ ਸਾਰੇ ਮਿੱਤਰਾਂ ਨੂੰ ਦੱਸਿਆ!
10


ਯਿਸੂ ਨੇ ਫਿਰ ਆਖਿਆ, “ਉੱਥੇ ਪਰਮੇਸ਼ਵਰ ਦੀ ਹਜ਼ੂਰੀ ਵਿੱਚ ਦੂਤ ਇੱਕ ਪਾਪੀ ਦੇ ਪਸ਼ਚਾਤਾਪ ਤੇ ਖੁਸ਼ੀ ਮਨਾਉਂਦੇ ਹਨ।”
11


ਜੋ ਤੀਸਰੀ ਕਹਾਣੀ ਯਿਸੂ ਨੇ ਦੱਸੀ ਉਹ ਦੁੱਖ ਭਰੀ ਸੀ। ਇਹ ਉਸ ਲੜਕੇ ਦੇ ਬਾਰੇ ਸੀ ਜਿਸ ਨੇ ਆਪਣੇ ਪਿਤਾ ਦਾ ਘਰ ਛੱਡ ਦਿੱਤਾ।
12


ਇੱਕ ਦੂਰ ਦੇਸ਼ ਵਿੱਚ ਲੜਕੇ ਨੇ ਆਪਣਾ ਧਨ ਮੂਰਖ਼ਤਾ ਨਾਲ ਖਰਚ ਕੀਤਾ। ਹੁਣ ਉਹ ਕੀ ਕਰੇਗਾ? ਉਸ ਮਾਮਲੇ ਨੂੰ ਬਦਤਰ ਬਣਾਉਣ ਲਈ ਇੱਕ ਅਕਾਲ ਪਿਆ। ਲੜਕਾ ਭੁੱਖ ਨਾਲ ਮਰ ਰਿਹਾ ਸੀ।
13


ਭੁੱਖ ਨਾਲ ਪਰੇਸ਼ਾਨ ਲੜਕੇ ਨੂੰ ਸੂਰ ਚਰਾਉਣ ਦੀ ਨੌਕਰੀ ਮਿਲੀ। ਪਰ ਕਿਸੇ ਨੇ ਉਸ ਨੂੰ ਭੋਜਨ ਨਾ ਦਿੱਤਾ। ਉਸ ਨੇ ਖੁਸ਼ੀ ਨਾਲ ਸੂਰਾਂ ਦਾ ਭੋਜਨ ਖਾਦਾ ਹੋਵੇਗਾ। ਸ਼ਾਇਦ ਉਸ ਨੇ ਕੀਤਾ ਹੋਣਾ! ਅੰਤ ਵਿੱਚ ਲੜਕੇ ਨੂੰ ਹੋਸ਼ ਆਇਆ। ਉਸਨੇ ਸੋਚਿਆ, “ਪਿੱਛੇ ਘਰ ਵਿੱਚ ਨੌਕਰ ਵੀ ਚੰਗਾ ਭੋਜਨ ਖਾਂਦੇ ਹਨ।”
14













## ਉਜਾੜੂ ਪੁੱਤਰ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਲੂਕਾ ਦੀ ਇੰਜੀਲ 15

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ ਜਿਸ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਮਜ਼ਦੂਰੀ ਮੌਤ ਹੈ।

ਪਰਮੇਸ਼ਵਰ ਨੇ ਸਾਨੂੰ ਇਹੋ ਜਿਹਾ ਪਿਆਰ ਕੀਤਾ ਕਿ ਉਸਨੇ ਆਪਣਾ ਪੁੱਤਰ ਭੇਜ਼ ਦਿੱਤਾ ਕਿ ਯਿਸੂ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡਾ ਜੁਰਮਾਨਾਂ ਭਰੇ।ਯਿਸੂ ਮਸੀਹ ਜਿੰਦਾ ਹੋ਼ਏ ਅਤੇ ਵਾਪਿਸ ਸਵਰਗ ਨੂੰ ਚਲੇ ਗਏ।ਹੁਣ ਪਰਮੇਸ਼ਵਰ ਸਾਡੇ ਗੁਨਾਹਾ ਨੂੰ ਮੁਆਫ਼ ਕਰ ਸਕਦਾ ਹੈ।

ਜ਼ੇਕਰ ਤੁਸੀ ਆਪਣੇ ਪਾਪਾਂ ਤੋ ਮੁੜਨਾ ਚਾਹੁੰਦੇ ਹੋ ਤਾਂ ਪਰਮੇਸ਼ਵਰ ਨੂੰ ਆਖੋ : ਪਿਆਰੇ ਪਰਮੇਸ਼ਵਰ ਮੈ ਵਿਸ਼ਵਾਸ਼ ਕਰਦਾਂ ਹਾਂ ਕਿ ਯਿਸੂ ਮੇਰੇ ਲਈ ਮਰਿਆਂ ਅਤੇ ਹੁਣ ਜਿੰਦਾਂ ਹੈ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਗੁਨਾਹਾਂ ਨੂੰ ਮੁਆਫ਼ ਕਰੋ। ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ ਅਤੇ ਤੁਹਾਡੇ ਨਾਲ ਹਮੇਸ਼ਾਂ ਲਈ ਰਹਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੇ ਲਈ ਜੀਵਾਂ ਤੁਹਾਡਾ ਬੱਚਾਂ ਬਣ ਕੇ,
ਆਮੀਨ। ਯਹੂੰਨਾ ਦੀ ਇੰਜ਼ੀਲ 3:16

ਬਾਈਬਲ ਨੂੰ ਪੜੋ ਅਤੇ ਪਰਮੇਸ਼ਵਰ ਨਾਲ ਹਰ ਰੋਜ਼ ਗੱਲ ਬਾਤ ਕਰੋ।